PORT of vancouver

Vancouver Fraser Port Authority
100 The Pointe, 999 Canada Place
Vancouver, B.C. Canada V6C 3T4
portvancouver.com

## ਵੈਨਕੂਵਰ ਫਰੇਜ਼ਰ ਪੋਰਟ ਅਥਾਰਿਟੀ (ਵੀ ਐਫ ਪੀ ਏ) ਦੀਆਂ ਤਤਕਾਲੀਨ ਲੋੜਾਂ

## ਟੀ.ਐਲ.ਐਸ. ਕੰਟੇਨਰ ਟਰੱਕਾਂ ਲਈ ਵਾਤਾਵਰਣ ਸਬੰਧੀ ਲੋੜਾਂ ਦੀ ਅੱਪਡੇਟ

ਜੇ ਤੁਹਾਡੇ ਕੋਲ 2007 ਟਰੱਕ ਹੈ ਜਿਸ 'ਚ 2006 ਦਾ ਇੰਜਣ ਹੈ (2007/2006 ਟਰੱਕ) ਜਿਸ 'ਚ ਡੀਜ਼ਲ ਆਕਸੀਡਾਈਜ਼ੇਸ਼ਨ ਕੈਟਾਲਿਸਟ (ਡੀ.ਓ.ਸੀ.) ਨਹੀਂ ਲੱਗਾ ਹੋਇਆ ਤਾਂ ਪੋਰਟ ਤੱਕ ਆਉਂਦੇ ਰਹਿਣ ਲਈ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦਿਓ:

1) ਅਗਸਤ 1, 2016 ਤੋਂ ਬਾਅਦ ਪੋਰਟ 'ਤੇ ਜਾਣਾ ਜਾਰੀ ਰੱਖਣਾ ਚਾਹੁੰਦੇ ਹੋ ਤਾਂ:
    a. ਇੱਕ ਮਾਨਤਾ ਪ੍ਰਾਪਤ ਡੀ.ਓ.ਸੀ. (ਵੇਖੋ TLS truck environmental requirements),
    b. ਉਮਰ ਦੀ ਛੋਟ ਵਾਲੀ ਅਰਜ਼ੀ ਭਰ ਕੇ TLS@portvancouver.com 'ਤੇ ਜਾ ਕੇ ਅਗਸਤ 1, 2016 ਤੱਕ ਦਿਓ। (ਨਾਲ਼ ਨੱਥੀ ਹੈ)

    ਨੋਟ: ਜੇ ਤੁਸੀਂ ਅਗਸਤ 1, 2016 ਦੀ ਆਖਰੀ ਤਾਰੀਖ ਤੱਕ ਇਸ ਤਰ੍ਹਾਂ ਨਹੀਂ ਕਰਦੇ ਤੁਹਾਡਾ ਟਰੱਕ ਸਸਪੈਂਡ ਕਰ ਦਿੱਤਾ ਜਾਵੇਗਾ ਅਤੇ ਤੁਸੀਂ ਪੋਰਟ ਤੱਕ ਨਹੀਂ ਆ ਸਕੋਗੇ।

2) ਅਗਸਤ 1, 2016 ਦੀ ਅੰਤਿਮ ਮਿਤੀ ਤੱਕ ਸ਼ਰਤਾਂ ਪੂਰੀਆਂ ਨਾ ਹੋਣ ਕਾਰਨ ਹੋਈ ਮੁਅੱਤਲੀ ਤੋਂ ਬਾਅਦ ਪੋਰਟ ਤੱਕ ਜਾਣ ਲਈ ਤੁਹਾਨੂੰ ਜ਼ਰੂਰੀ ਹੈ ਕਿ:
    a. ਇੱਕ ਮਾਨਤਾ ਪ੍ਰਾਪਤ ਡੀ. ਓ. ਸੀ. ਇਨਸਟਾਲ ਕਰੋ (ਵੇਖੋ: TLS truck environmental requirements), ਅਤੇ
    b. 30 ਸਤੰਬਰ, 2016 ਤੱਕ ਉਮਰ ਮਾਨਤਾ ਛੋਟ ਅਰਜ਼ੀ (ਅਪਰੂਵਲ ਏਜ ਐਕਸੈਪਸ਼ਨ) ਪੇਸ਼ ਕਰੋ।
    ਨੋਟ: ਉਮਰ ਮਾਨਤਾ ਛੋਟ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਤੁਹਾਨੂੰ ਦੁਬਾਰਾ ਪੋਰਟ 'ਤੇ ਜਾਣ ਦੀ ਆਗਿਆ ਮਿਲ ਜਾਵੇਗੀ ਪਰ ਜੇ ਤੁਸੀਂ ਆਖਰੀ ਮਿਤੀ 30 ਸਤੰਬਰ, 2016 ਤੱਕ ਇਸ ਤਰ੍ਹਾਂ ਨਹੀਂ ਕਰਦ ਤੁਹਾਡੇ ਟਰੱਕ 'ਤੇ ਪੱਕੇ ਤੌਰ 'ਤੇ ਪਾਬੰਦੀ ਲੱਗ ਜਾਵੇਗੀ ਅਤੇ ਟੀ. ਐਲ. ਐਸ. 'ਤੇ ਜਾਣ ਦਾ ਕੋਈ ਬਦਲ ਨਹੀਂ ਰਹਿ ਜਾਵੇਗਾ।

    ਜਾਂ

3) ਤੁਸੀਂ ਆਪਣੇ 2007/2006 ਦੇ ਟਰੱਕ ਦੀ ਥਾਂ 2010 ਜਾਂ ਇਸ ਤੋਂ ਬਾਅਦ ਦਾ ਟਰੱਕ ਲਿਆਓਗੇ ਅਤੇ ਇਸ ਦੀ ਜਾਣਕਾਰੀ ਵੀ. ਐਫ. ਪੀ. ਏ. ਨੂੰ ਦੇਵੋਗੇ.

20 ਜੁਲਾਈ 2016 ਤੱਕ ਸਾਰੇ 2007 ਦੇ ਟਰੱਕਾਂ ਲਈ (ਜਿਨ੍ਹਾਂ ਦੇ 2006 ਦੇ ਜਾਂ 2007 ਦੇ ਇੰਜਣ ਹਨ) ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ:

1) ਤੁਹਾਨੂੰ ਦਿੱਤਾ ਗਿਆ "2007 ਟਰੱਕ ਇਨਵੈਂਟਰੀ" ਫਾਰਮ ਭਰ ਕੇ ਦਿਓ।
2) 2007 ਸਾਰੀਆਂ ਟਰੱਕ ਇੰਜਣ ਨੇਮ ਪਲੇਟ ਦੀਆਂ ਫੋਟੋਆਂ ਲਓ।
3) ਇਨ੍ਹਾਂ ਫੋਟੋ ਫਾਈਲਾਂ ਦਾ ਹੋਰ ਨਾਂਅ ਰੱਖੋ ( ਜਿਵੇਂ: jpg, jpeg, ਇਤ ਆਦਿ) ਅਤੇ ਇਸ ਦੇ ਨਾਲ਼ ਟਰੱਕ ਦੇ ਵੀ.ਆਈ.ਐਨ. ਨੰਬਰ ਪਿਛਲੇ 5 ਜਾਂ 6 ਨੰਬਰ।
4) ਪੂਰੀ ਤਰ੍ਹਾਂ ਭਰਿਆ ਹੋਇਆ ਫਾਰਮ ਅਤੇ ਸਾਰੀਆਂ ਫੋਟੋਆਂ TLS@portvancouver.com 'ਤੇ 20 ਜੁਲਾਈ 2016 ਤੱਕ ਭੇਜੋ।ਤੁਸੀਂ ਫਾਈਲਾਂ .zip ਕਰ ਸਕਦੇ ਹੋ।

ਕੀ ਫਰਕ ਹੈ 2007 ਦਾ ਟਰੱਕ ਜਿਸ 'ਚ 2006 ਦਾ ਇੰਜਣ ਹੈ ਅਤੇ 2007 ਦਾ ਟਰੱਕ ਜਿਸ 'ਚ 2007 ਦਾ ਹੀ ਇੰਜਣ ਹੈ:

ਜਿਹੜਾ 2007 ਦਾ ਟਰੱਕ ਹੈ ਅਤੇ ਉਸ 'ਚ ਇੰਜਣ ਵੀ 2007 ਦਾ ਹੈ ਉਸ ਟਰੱਕ 'ਚ ਬਣਾਉਣ ਵਾਲਿਆਂ ਨੇ ਡੀਜ਼ਲ ਪਾਰਟੀਕੁਲੇਟ ਫਿਲਟਰ (ਡੀ.ਪੀ.ਐਫ.) ਲਾਇਆ ਹੋਇਆ ਹੈ ਜਿਹੜਾ ਕਿ ਪਾਰਟੀਕੁਲੇਟ ਮੈਟਰ ਅਮਿਸ਼ਨ ਨੂੰ 85 ਤੋਂ 90 ਪ੍ਰਤੀਸ਼ਤ ਘਟਾਉਂਦਾ ਹੈ।

ਪਰ ਉਹ ਟਰੱਕ ਜੋ 2007 ਦਾ ਹੈ ਅਤੇ ਉਸ 'ਚ 2006 ਦਾ ਇੰਜਣ ਹੈ (2007/2006 ਟਰੱਕਸ)'ਚ ਫੈਕਟਰੀ ਵੱਲੋਂ ਅਮਿਸ਼ਨ ਰੀਡਕਸ਼ਨ ਮਈਯਰ (ERM) ਨਹੀਂ ਲਾਇਆ ਹੋਇਆ।ਇਸ ਲਈ ਇਨ੍ਹਾਂ ਟਰੱਕਾਂ 'ਚ ਪਾਰਟੀਕੁਲੇਟ ਮੈਟਰ ਅਮਿਸ਼ਨ ਨੂੰ ਘੱਟ ਕਰਨ ਦਾ ਕੋਈ ਯੰਤਰ ਨਹੀਂ ਹੈ।

2007/2006 ਦੇ ਟਰੱਕਾਂ ਵਾਲ਼ਿਆਂ ਨੂੰ ਅਗਸਤ 1, 2016 ਤੱਕ ਕੀ ਕਰਨਾ ਚਾਹੀਦਾ ਹੈ?

ਵੀ.ਐਫ.ਪੀ.ਏ. (VFPA) ਕੰਨਟੇਨਰ ਟਰੱਕ ਐਨਵਾਇਨਮੈਂਟਲ ਰੀਕੁਆਇਰਮੈਂਟਸ 2008 ਤੋਂ ਲਾਗੂ ਹਨ।

2008 'ਚ ਐਨਵਾਇਰਨਮੈਂਟਲ ਰਿਕੁਆਇਰਮੈਂਟਸ 'ਚ ਇਹ ਐਲਾਨ ਕੀਤਾ ਗਿਆ ਕਿ 2017 ਤੱਕ ਉਹ ਕੰਨਟੇਨਰ ਟਰੱਕ ਜਿਹੜੇ ਪੋਰਟ 'ਤੇ ਜਾਣ ਲਈ ਮਨਜ਼ੂਰੀ ਲੈਣਾ ਚਾਹੁੰਦੇ ਹਨ, ਨੂੰ 2007 ਨਿਯਮਾਂ ਦੇ ਅਨੁਸਾਰੀ ਹੋਣਾ ਚਾਹੀਦਾ ਹੈ।ਖ਼ਾਸ ਕਰਕੇ ਉਨ੍ਹਾਂ ਨੂੰ 2007 ਯੂ ਐਸ ਐਨਵਾਇਰਨਮੈਂਟਲ ਪ੍ਰੋਟੈਕਸ਼ਨ ਏਜੰਸੀ ਅਮਿਸ਼ਨ ਸਟੈਂਡਰਡਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇ ਸਧਾਰਣ ਸ਼ਬਦਾਂ 'ਚ ਕਹੀਏ ਜਾਣੀ ਕਿ ਡੀਜ਼ਲ ਟਰੱਕਾਂ 'ਚ ਠੀਕ ਕੰਮ ਕਰਦਾ ਡੀ.ਪੀ.ਐਫ. ਹੋਣਾ ਚਾਹੀਦਾ ਹੈ।

6 ਅਪਰੈਲ 2016 ਨੂੰ ਵੀ.ਐਫ.ਪੀ.ਏ. (VFPA) ਨੇ 2007 /2006 ਦੇ ਟਰੱਕਾਂ ਲਈ ਵਾਤਾਵਰਣ ਲੋੜਾਂ ਸਬੰਧੀ ਰਿਆਇਤਾਂ ਦਾ ਐਲਾਨ ਕੀਤਾ। ਇਨ੍ਹਾਂ ਟਰੱਕਾਂ 'ਚ ਜੇ ਡੀਜ਼ਲ ਆਕਸੀਡੇਸ਼ਨ ਕੈਟਾਲਿਸਟ (ਡੀ.ਓ.ਸੀ.) (DOC) ਲਗਾ ਲਿਆ ਜਾਵੇ ਅਤੇ ਇਸ ਦੇ ਨਾਲ਼ ਹੀ ਵੀ ਐਫ ਪੀ ਏ ਨੂੰ ਉਮਰ ਛੋਟ ਦੀ ਲੋੜੀਂਦੀ ਅਰਜ਼ੀ ਪਹਿਲੀ ਅਗਸਤ ਤੱਕ ਭੇਜੀ ਜਾਵੇ ਤਾਂ ਉਸ ਨੂੰ 2007 ਦਾ ਸ਼ਰਤਾਂ ਪੂਰੀਆਂ ਕਰਨ ਵਾਲ਼ਾ ਟਰੱਕ ਮੰਨਿਆ ਜਾਵੇਗਾ।2007/2006 ਦੇ ਟਰੱਕ ਜਿਹਨਾਂ ਸਬੰਧੀ ਲੋੜੀਂਦੀ ਜਾਣਕਾਰੀ ਨਹੀਂ ਦਿੱਤੀ ਜਾਵੇਗੀ, ਤੁਹਾਡੇ ਟਰੱਕ 'ਤੇ ਪੱਕੇ ਤੌਰ 'ਤੇ ਪਾਬੰਦੀ ਲੱਗ ਜਾਵੇਗੀ ਅਤੇ ਟੀ.ਐਲ.ਐਸ. (TLS) 'ਤੇ ਜਾਣ ਦਾ ਕੋਈ ਬਦਲ ਨਹੀਂ ਰਹਿ ਜਾਵੇਗਾ।

6 ਅਪਰੈਲ ਦੀ ਰਿਆਇਤ ਵਾਲ਼ੇ ਫੈਸਲੇ 'ਚ ਕੀ ਤਬਦੀਲੀ ਹੈ?

ਅੱਜ ਵੈਨਕੂਵਰ ਫਰੇਜ਼ਰ ਪੋਰਟ ਅਥਾਰਟੀ 6 ਅਪਰੈਲ 2016 ਵਾਲ਼ੀ ਦਿੱਤੀ ਰਿਆਇਤ 'ਚ ਸੋਧ ਕਰ ਰਹੀ ਹੈ।

2007/2006 ਟਰੱਕਾਂ ਵਾਲ਼ੇ ਜੇ ਬਿਨਾ ਰੋਕ ਟੋਕ ਪੋਰਟ ਪ੍ਰਾਪਰਟੀ 'ਤੇ ਜਾਣਾ ਚਾਹੁੰਦੇ ਹਨ ਤਾਂ ਹੁਣ ਵੀ ਇੱਕ ਮਾਨਤਾ ਪ੍ਰਾਪਤ ਡੀ ਓ ਸੀ (ਵੇਖੋ TLS truck environmental requirements) ਲਗਵਾ ਕੇ ਜ਼ਰੂਰੀ ਦਸਤਾਵੇਜ਼ਾਂ ਸਮੇਤ ਅਗਸਤ 1, 2016 ਤੱਕ ਭੇਜ ਸਕਦੇ ਹਨ।

ਜੇ ਤੁਸੀਂ ਲੋੜੀਂਦੇ ਦਸਤਾਵੇਜ਼ ਅਗਸਤ 1, 2016 ਤੱਕ ਨਾ ਭੇਜੇ ਤਾਂ ਟਰੱਕ ਨੂੰ ਸਦਾ ਲਈ ਤਾਂ ਡੀਐਕਟੀਵੇਟ ਨਹੀਂ ਕੀਤਾ ਜਾਵੇਗਾ ਪਰ ਉਸ ਨੂੰ ਸਸਪੈਂਡ ਕਰ ਦਿੱਤਾ ਜਾਵੇਗਾ (ਜਾਣੀ ਕਿ ਉਹ ਪੋਰਟ ਤੱਕ ਨਹੀਂ ਆ ਸਕੇਗਾ) ਜਿੰਨਾ ਸਮਾਂ ਉਹ ਲੋੜੀਂਦਾ ਡੀ ਓ ਸੀ ਨਹੀਂ ਲਗਵਾ ਲੈਂਦਾ ਅਤੇ ਉਸ ਵੱਲੋਂ ਦਿੱਤੀ ਅਰਜ਼ੀ ਵੀ ਐਫ ਪੀ ਏ ਵੱਲੋਂ ਮਨਜ਼ੂਰ ਨਹੀਂ ਕਰ ਲਈ ਜਾਂਦੀ। ਹੁਣ ਇਸ ਤਰ੍ਹਾਂ ਦੇ ਟਰੱਕ ਮਾਲਕਾਂ ਕੋਲ਼ ਲੋੜੀਂਦੇ ਕਾਗਜ਼ ਪੱਤਰ ਪੇਸ਼ ਕਰਨ ਦਾ 30 ਸਤੰਬਰ 2016 ਤੱਕ ਦਾ ਸਮਾਂ ਹੈ।

ਉੱਥੇ ਜਾਣ ਦੀ ਆਗਿਆ ਕੇਵਲ ਉਦੋਂ ਹੀ ਦਿੱਤੀ ਜਾਵੇਗੀ ਜਦੋਂ ਉਮਰ ਛੋਟ ਦੀ ਅਰਜ਼ੀ ਨੂੰ ਮਨਜ਼ੂਰੀ ਮਿਲ ਜਾਵੇਗੀ।

30 ਸਤੰਬਰ 2016 ਤੋਂ ਬਾਅਦ ਜਿਹੜੇ ਵੀ 2007/2006 ਟਰੱਕ ਜਿਨ੍ਹਾਂ ਨੂੰ ਉਮਰ ਛੋਟ ਤੋਂ ਮਨਜ਼ੂਰੀ ਨਹੀਂ ਮਿਲੀ ਨੂੰ ਸਦਾ ਲਈ ਹੀ ਡੀਐਕਟੀਵੇਟ ਕਰ ਦਿੱਤਾ ਜਾਵੇਗਾ ਅਤੇ ਨਾ ਹੀ ਉਹ ਟੀ.ਐਲ.ਐਸ. 'ਚ ਮੁੜ ਪ੍ਰਵਾਨਗੀ ਲਈ ਅਰਜ਼ੀ ਦੇਣ ਦੇ ਯੋਗ ਰਹਿਣਗੇ।

ਮੈਂ ਵੈਨਕੂਵਰ ਫਰੇਜ਼ਰ ਪੋਰਟ ਅਥਾਰਟੀ ਨੂੰ ਕਿਵੇਂ ਦੱਸਾਂ ਕਿ ਮੇਰੇ ਫਲੀਟ ਦੇ ਸਾਰੇ ਟਰੱਕ ਇਨ੍ਹਾਂ ਨਿਯਮਾਂ ਦੀ ਪਾਲਣਾ ਕਰ ਰਹੇ ਹਨ?

ਟੀ.ਐਲ.ਐਸ. ਪ੍ਰੋਗਰਾਮ ਟਰੱਕਿੰਗ ਕੰਪਨੀਆਂ ਅਤੇ ਪੋਰਟ ਅਥਾਰਟੀ ਦੇ ਆਪਸੀ ਸਤਿਕਾਰਿਤ ਅਤੇ ਵਪਾਰਕ ਰਿਸ਼ਤਿਆਂ 'ਤੇ ਯਕੀਨ ਕਰਦਿਆਂ, ਵੈਨਕੂਵਰ ਫਰੇਜ਼ਰ ਪੋਰਟ ਅਥਾਰਟੀ ਸਾਰੇ ਇਕਰਾਰਨਾਮੇ ਕਰਨ ਵਾਲ਼ਿਆਂ ਤੋਂ ਆਸ ਕਰਦੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦੇ ਫਲੀਟ 'ਚ:

1. ਇੱਕ 2006 ਇੰਜਣ (ਨੂੰ, ਜੇ ਇਸ ਕੋਲ ਪਹਿਲਾਂ ਨਹੀਂ ਡੀ.ਓ.ਸੀ. ਦੀ ਅਗਸਤ 1, 2016 ਤੱਕ ਲੋੜ ਹੈ,) ਜਾਂ
2. ਇੱਕ 2007 ਦਾ ਇੰਜਣ ਹੈ ਜਿਸ 'ਚ ਫਕਟਰੀ ਵੱਲੋਂ ਡੀ.ਪੀ.ਐਫ. ਲਾਇਆ ਹੋਇਆ ਹੈ।

ਕਿਰਪਾ ਕਰਕੇ ਫਾਰਮ ਭਰ ਕੇ TLS@portvancouver.com 'ਤੇ ਲੋੜੀਂਦੀਆਂ ਫੋਟੋਆਂ ਸਮੇਤ 20 ਜੁਲਾਈ, 2016 ਤੱਕ ਭੇਜੋ।

July 8, 2016.